## ਦਫਤਰ ਕੁਲੈਕਟਰ ਜਿਲ੍ਹਾ ਸੰਗਰੂਰ
### (ਹੈਡ ਰਜਿਸਟਰੇਸ਼ਨ ਸ਼ਾਖਾ)

ਸੇਵਾ ਵਿਖੇ

ਅਧੀਨ ਸਕੱਤਰ, ਪੰਜਾਬ ਸਰਕਾਰ,
ਮਾਲ ਤੇ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ,
(ਅਸ਼ਟਾਮ ਤੇ ਰਜਿਸਟਰੇਸ਼ਨ ਸ਼ਾਖਾ)
ਚੰਡੀਗੜ੍ਹ।

ਨੰਬਰ: /ਹਰਸ ਮਿਤੀ:

ਵਿਸ਼ਾ: ਕੁਲੈਕਟਰ ਰੇਟ ਰੀਵਾਇਜ਼ ਕਰਨ ਬਾਰੇ (ਸਾਲ 2017-18)

ਹਵਾਲਾ: ਆਪ ਜੀ ਦੇ ਨੋਟੀਫਿਕੇਸ਼ਨ ਨੰ: 24/55/2017-ਐਸ.ਟੀ.-2/ 23067 ਮਿਤੀ 06.09.2017 ਦੇ ਸਬੰਧ ਵਿੱਚ।

××××××××

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਨੋਟੀਫਿਕੇਸ਼ਨ ਮਿਤੀ 06.09.2017 ਰਾਹੀਂ ਸ਼ਹਿਰੀ ਕੁਲੈਕਟਰ ਰੇਟ 5% ਅਤੇ ਪੇਂਡੂ ਕੁਲੈਕਟਰ ਰੇਟ 10% ਘਟਾਏ ਗਏ ਹਨ। ਇਨ੍ਹਾਂ ਹੁਕਮਾਂ ਦੀ ਪਾਲਣਾ ਕਰਦੇ ਹੋਏ ਤਹਿਸੀਲ/ਸਬ ਤਹਿਸੀਲ ਵਾਈਜ ਮਿਤੀ 07.09.2017 ਤੋਂ ਰੀਵਾਇਜ਼ਡ ਕੀਤੇ ਕੁਲੈਕਟਰ ਰੇਟਾਂ ਦਾ ਇੱਕ ਸੈਟ ਨਾਲ ਨੱਥੀ ਕਰਕੇ ਆਪ ਜੀ ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਘੱਲਿਆ ਜਾਂਦਾ ਹੈ ਜੀ।

ਨੱਥੀ: ਜਿਲ੍ਹਾ ਸੰਗਰੂਰ ਦੇ ਕੁਲੈਕਟਰ ਰੇਟਾਂ ਦੀ ਕਾਪੀ।

ਸਹੀ/-
ਵਾ: ਕੁਲੈਕਟਰ,
ਜਿਲ੍ਹਾ ਸੰਗਰੂਰ।

ਪਿੱਠ ਅੰਕਣ ਨੰ: 2565-92 /ਹਰਸ ਮਿਤੀ: 18-10-2017

ਇਸ ਦਾ ਇੱਕ ਉਤਾਰਾ:

1. ਕਮਿਸ਼ਨਰ, ਪਟਿਆਲਾ ਮੰਡਲ, ਪਟਿਆਲਾ
2. ਇੰਸਪੈਕਟਰ ਜਨਰਲ ਆਫ ਰਜਿਸਟੇਸ਼ਨ ਪੰਜਾਬ, ਕਪੂਰਥਲਾ ਰੋਡ, ਜਲੰਧਰ
   ਪਾਸ ਸੂਚਨਾ ਹਿੱਤ ਘੱਲਿਆ ਜਾਂਦਾ ਹੈ ਜੀ।
3. ਉਪ ਮੰਡਲ ਮੈਜਿਸਟਰੇਟ,ਸੰਗਰੂਰ/ਭਵਾਨੀਗੜ੍ਹ/ਮਾਲੇਰਕੋਟਲਾ/ਅਹਿਮਦਗੜ੍ਹ/ਧੂਰੀ/ਸੁਨਾਮ/ਦਿੜ੍ਹਬਾ/ਮੂਨਕ/ਲਹਿਰਾ ਪਾਸ ਰੀਵਾਇਜ਼ਡ ਰੇਟ ਸਾਲ 2017-18 ਦੀ ਇੱਕ-2 ਕਾਪੀ ਸੂਚਨਾ ਅਤੇ ਪਾਲਣਾ ਹਿੱਤ ਘੱਲੀ ਜਾਂਦੀ ਹੈ।
4. ਸਬ ਰਜਿਸਟਰਾਰ, ਸੰਗਰੂਰ/ ਭਵਾਨੀਗੜ੍ਹ/ ਮਾਲੇਰਕੋਟਲਾ/ ਅਹਿਮਦਗੜ੍ਹ/ ਧੂਰੀ/ ਸੁਨਾਮ/ ਦਿੜ੍ਹਬਾ/ ਮੂਨਕ/ ਲਹਿਰਾ
5. ਜੁਆਇੰਟ ਸਬ ਰਜਿਸਟਰਾਰ, ਲੌਂਗੋਵਾਲ/ਅਮਰਗੜ੍ਹ/ਸ਼ੇਰਪੁਰ/ਚੀਮਾ/ਖਨੌਰੀ
   ਪਾਸ ਰੀਵਾਇਜ਼ਡ ਰੇਟ ਸਾਲ 2017-18 ਦੀ ਇੱਕ-2 ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰ ਰਹੇ ਸਮੂਹ ਵਸੀਕਾ ਨਵੀਸ/ਵਸੀਕਾ ਤਹਿਰੀਰ ਕਰਨ ਵਾਲੇ ਐਡਵੋਕੇਟਸ ਨੂੰ ਪਾਲਣਾ ਕਰਨ ਹਿੱਤ ਨੋਟ ਕਰਵਾਇਆ ਜਾਵੇ। ਜੇਕਰ ਕੋਈ ਵਸੀਕਾ ਨਵੀਸ/ਐਡਵੋਕੇਟਸ ਇਨ੍ਹਾਂ ਹਦਾਇਤਾਂ ਦੇ ਉਲਟ ਵਸੀਕਾ/ਡਾਕੂਮੈਂਟ ਤਹਿਰੀਰ ਕਰਦਾ ਹੈ ਤਾਂ ਉਸਦੇ ਖਿਲਾਫ ਕਾਰਵਾਈ ਕਰਨ ਲਈ ਤੁਰੰਤ ਇਸ ਦਫਤਰ ਨੂੰ ਰਿਪੋਰਟ ਘੱਲੀ ਜਾਵੇ।
6. ਜਿਲ੍ਹਾ ਸਿਸਟਮ ਮੈਨੇਜਰ, ਪੀ.ਐਲ.ਆਰ.ਐਸ. ਸੰਗਰੂਰ ਪਾਸ ਕੰਪਿਊਟਰਾਂ ਵਿੱਚ ਫੀਡ ਕਰਨ ਲਈ ਘੱਲਿਆ ਜਾਂਦਾ ਹੈ।
7. ਪੇਸ਼ੀ ਡੀ.ਸੀ/ਏ.ਡੀ.ਸੀ. ਸ਼ਾਖਾ
   ਪਾਸ ਸੂਚਨਾ ਹਿੱਤ ਘੱਲਿਆ ਜਾਂਦਾ ਹੈ।

ਵਾ: ਕੁਲੈਕਟਰ,
ਜਿਲ੍ਹਾ ਸੰਗਰੂਰ।